## ਪੰਜਾਬ ਵਿਧਾਨ ਸਭਾ ਸਕੱਤਰੇਤ

**ਮੰਗਲਵਾਰ, ਮਿਤੀ 20 ਜੂਨ, 2017 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।**

### ਪੈਨਸ਼ਨ ਲੈਣ ਵਾਲੇ ਲਾਭ-ਪਾਤਰੀਆਂ ਦੀ ਗਿਣਤੀ

26. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਮਿਤੀ 31-3-2017 ਤੱਕ ਬੁਢਾਪਾ, ਵਿਧਵਾ, ਅੰਗਹੀਣ, ਆਸ਼ਰਿਤ ਬੱਚਿਆਂ ਦੀ ਕੈਟੇਗਿਰੀ ਵਿਚ ਪੈਨਸ਼ਨ ਲੈਣ ਵਾਲੇ ਲਾਭ-ਪਾਤਰੀਆਂ ਦੀ ਜ਼ਿਲ੍ਹਾ ਵਾਇਜ਼ ਗਿਣਤੀ ਕਿੰਨੀ ਹੈ ਅਤੇ ਇਨ੍ਹਾ ਲਾਭ-ਪਾਤਰੀਆਂ ਨੂੰ ਮਿਤੀ 31-3-2017 ਤੱਕ ਕਿੰਨੀ ਰਾਸ਼ੀ ਜਾਰੀ ਕੀਤੀ ਗਈ ਅਤੇ ਬਕਾਇਆ ਰਾਸ਼ੀ ਕਦੋਂ ਤੱਕ ਜਾਰੀ ਕਰਨ ਦੀ ਸੰਭਾਵਨਾ ਹੈ;

ਅ) ਕੀ ਪੈਨਸ਼ਨ ਦੀ ਰਾਸ਼ੀ 2500/- ਰੁਪਏ ਜਾਂ ਇਸ ਤੋਂ ਵੱਧ ਕਰਨ ਬਾਰੇ ਕੋਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ਜੇਕਰ ਹਾਂ ਤਾਂ ਇਹ ਵਾਧਾ ਕਦੋਂ ਲਾਗੂ ਕੀਤਾ ਜਾਵੇਗਾ?

### ਰਾਮਪੁਰਾ ਫੂਲ ਵਿਖੇ ਨਵੇਂ ਟਿਊਬਵੈੱਲ ਲਗਾਉਣਾ

82. **ਸਰਦਾਰ ਗੁਰਪ੍ਰੀਤ ਸਿੰਘ ਕਾਂਗੜ, ਐਮ.ਐਲ.ਏ.:-** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਰਾਮਪੁਰਾ ਫੂਲ ਵਿਧਾਨ ਸਭਾ ਹਲਕੇ ਦੇ ਪਿੰਡ ਰਾਈਆਂ ਵਿਖੇ ਲਗਾਏ ਗਏ ਟਿਊਬਵੈੱਲ ਦੇ ਬੋਰ ਫੇਲ੍ਹ ਹੋਣ ਤੇ ਨਵੇਂ ਟਿਊਬਵੈੱਲ ਬੋਰ ਲਗਵਾਉਣ ਦੀ ਸਰਕਾਰ ਦੀ ਕੋਈ ਨਵੀ ਤਜਵੀਜ਼ ਹੈ;

ਅ) ਕੀ ਗ੍ਰਾਮ ਪੰਚਾਇਤ ਕੋਠੇ ਪਿੱਪਲੀ ਅਤੇ ਕੋਠੇ ਸੁਖਾਨੰਦ (ਰਾਮਪੁਰਾ ਫੂਲ ਵਿਧਾਨ ਸਭਾ ਹਲਕਾ) ਵਿਖੇ 100 ਪ੍ਰਤੀਸ਼ਤ ਘਰਾਂ ਨੂੰ ਸ਼ੁੱਧ ਪਾਣੀ ਦੀ ਸਪਲਾਈ ਲਈ ਨਵੇਂ ਵਾਟਰ ਵਰਕਸ ਦੀ ਉਸਾਰੀ ਦੀ ਵੀ ਕੋਈ ਤਜਵੀਜ਼ ਹੈ;

ੲ) ਪਿੰਡ ਸੰਲਬਹਾਰ, ਰਾਈਆਂ, ਢਿਪਾਲੀ, ਬੁਰਜ ਗਿੱਲ, ਅਤੇ ਦੁੱਲੇਵਾਲਾ ਵਿਖੇ ਜਲ ਸਪਲਾਈ ਦੇ ਸੁਧਾਰ ਲਈ ਹਰ ਘਰ ਦਾ ਪਾਣੀ ਕੁਨੈਕਸ਼ਨ ਨਵੇਂ ਸਿਰ ਤੋਂ ਸਮੇਤ ਫਕੂਲ, ਟੂੱਟੀ ਨਾਲ ਕਰਵਾਉਣ ਸਬੰਧੀ ਅਤੇ ਰਹਿੰਦੀਆਂ ਢਾਹਣੀਆਂ ਨੂੰ ਨਵੀ ਪਾਈਪ ਲਾਈਨ ਪਾਉਣ ਅਤੇ ਵਾਟਰ ਵਰਕਸ ਦੀ ਰਿਪੇਅਰ ਕਰਨ ਅਤੇ ਸਿਵਲ ਹਸਪਤਾਲ ਰਾਮਪੁਰਾ ਫੂਲ ਵਿਖੇ ਵਾਟਰ ਵਰਕਸ ਦੀ ਪੰਪਿੰਗ ਮਸ਼ੀਨਰੀ ਨਵੀਂ ਲਾਉਣ ਦੀ ਵੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

### ਹਲਕਾ ਮੁਕੇਰੀਆਂ ਦੇ ਪਿੰਡਾਂ ਵਿੱਚ ਆਰ.ਓ. ਸਿਸਟਮ ਲਗਾਉਣਾ

68. **ਸ਼੍ਰੀ ਰਜਨੀਸ਼ ਕੁਮਾਰ, ਐਮ.ਐਲ.ਏ.:-** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੁਕੇਰੀਆਂ ਹਲਕੇ ਦੇ ਪਿੰਡਾਂ ਵਿਚ ਪੀਣ ਵਾਲਾ ਪਾਣੀ ਮੁਹੱਈਆ ਕਰਾਉਣ ਲਈ ਆਰ.ਓ.ਸਿਸਟਮ ਲਗਾਉਣ ਲਈ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੋਵੇ ਤਾਂ ਇਹ ਆਰ.ਓ ਸਿਸਟਮ ਕਦੋਂ ਅਤੇ ਕਿੱਥੇ-ਕਿੱਥੇ ਲਗਾਏ ਜਾਣਗੇ ?

### ਪੈਨਸ਼ਨ ਲਗਾਉਣ ਲਈ ਸਰਵੇ

27. **ਸਰਦਾਰ ਜਗਦੇਵ ਸਿੰਘ, ਐਮ.ਐਲ.ਏ.:-** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜ਼ਿਲ੍ਹਾ ਬਠਿੰਡਾ ਵਿੱਚ ਬਹੁਤ ਸਾਰੇ ਲੋੜਵੰਦਾਂ ਨੂੰ ਬੁਢਾਪਾ/ਵਿਧਵਾ /ਅੰਗਹੀਣ ਪੈਨਸ਼ਨ ਨਹੀਂ ਦਿੱਤੀ ਜਾ ਰਹੀ;

ਅ) ਜੇਕਰ ਭਾਗ (ੳ) ਦਾ ਉਤਰ ਹਾਂ ਵਿੱਚ ਹੈ ਤਾਂ ਅਜਿਹੇ ਵਿਅਕਤੀਆਂ ਦਾ ਪਤਾ ਲਗਾਉਣ ਲਈ ਕੋਈ ਸਰਵੇ ਕਰਵਾਇਆ ਜਾ ਰਿਹਾ ਹੈ?

### ਮੁਕੇਰੀਆਂ ਵਿਖੇ ਡਾਕਟਰ ਬੀ.ਆਰ ਅੰਬੇਦਕਰ ਪਾਰਕ ਦੀ ਉਸਾਰੀ

55. **ਸ਼੍ਰੀ ਰਜਨੀਸ਼ ਕੁਮਾਰ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੁਕੇਰੀਆਂ ਸ਼ਹਿਰ ਵਿਖੇ ਨੀਂਹ ਪੱਥਰ ਰੱਖੇ ਗਏ ਡਾਕਟਰ.ਬੀ.ਆਰ ਅੰਬੇਦਕਰ ਪਾਰਕ ਦੀ ਉਸਾਰੀ ਦਾ ਕੰਮ ਕਿਉਂ ਸ਼ੁਰੂ ਨਹੀ ਕੀਤਾ ਗਿਆ ਅਤੇ ਇਸ ਪਾਰਕ ਦੀ ਉਸਾਰੀ ਦਾ ਕੰਮ ਕਦੋਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ?

### ਪੀ.ਸੀ.ਐਸ ਅਧਿਕਾਰੀਆਂ ਦੀ ਨੋਮੀਨੇਸ਼ਨ ਸਬੰਧੀ

85. **ਸਰਦਾਰ ਬਲਵਿੰਦਰ ਸਿੰਘ ਬੈਂਸ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਸਰਕਾਰ ਵੱਲੋਂ ਸਾਲ 2008, 2012 ਅਤੇ 2013 ਦੇ ਦੌਰਾਨ ਪੀ.ਸੀ.ਐਸ ਅਧਿਕਾਰੀਆਂ ਦੀ ਨੋਮੀਨੇਸ਼ਨ ਰਾਹੀਂ ਰਜਿਸਟਰ ਏ-11 ਅਤੇ ਰਜਿਸਟਰ-ਸੀ ਵਿਚ ਨਿਯੁਕਤ ਕੀਤੇ ਗਏ ਅਧਿਕਾਰੀਆਂ ਦੀ ਵਿਦਿਅਕ ਯੋਗਤਾ ਕੀ-ਕੀ ਹੈ ਅਤੇ ਕੀ ਇਨ੍ਹਾਂ ਵਿੱਚੋਂ ਕਿਸੇ ਦੇ ਵਿਰੁੱਧ ਕਦੇ ਕੋਈ ਵਿਭਾਗੀ ਕਾਰਵਾਈ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕੀ ਨਤੀਜੇ ਨਿਕਲੇ ਅਤੇ ਇਨ੍ਹਾਂ ਅਧਿਕਾਰੀਆਂ ਦੀ ਆਰੰਭ ਤੋਂ ਲੈ ਕੇ ਹੁਣ ਤੱਕ ਦੀ ਏ.ਸੀ.ਆਰਜ਼ ਦੇ ਸਾਲ-ਵਾਰ ਵੇਰਵੇ ਕੀ ਹਨ;

ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਪੀ.ਸੀ.ਐਸ ਅਧਿਕਾਰੀ ਨਿਯੁਕਤ ਕੀਤੇ ਗਏ ਸ਼੍ਰੀ ਰਮਨ ਕੁਮਾਰ ਕੋਛੜ ਦੀ ਗ੍ਰੇਜੂਏਸ਼ਨ ਦੀ ਡਿਗਰੀ ਦੀ ਇਕ ਕਾਪੀ ਮੁਹੱਈਆ ਕਰਵਾਈ ਜਾਵੇ ਅਤੇ ਇਸ ਨਿਯੁਕਤੀ ਸਬੰਧੀ ਵਿਭਾਗੀ ਮੰਜੂਰੀ ਦੀ ਇਕ ਕਾਪੀ ਵੀ ਸਦਨ ਦੀ ਮੇਜ਼ ਤੇ ਰੱਖੀ ਜਾਵੇ?

### ਹਲਕਾ ਮੁਕੇਰੀਆਂ ਵਿੱਚ ਫੋਕਲ ਪੁਆਇੰਟ ਸਥਾਪਿਤ ਕਰਨਾ

67. **ਸ਼੍ਰੀ ਰਜਨੀਸ ਕੁਮਾਰ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਮੁਕੇਰੀਆਂ ਵਿਚ ਕੁੱਲ੍ਹ ਕਿੰਨੇ ਫੋਕਲ ਪੁਆਇੰਟ ਸਥਾਪਿਤ ਕੀਤੇ ਗਏ ਹਨ ਅਤੇ ਕੀ ਸਰਕਾਰ ਵਲੋਂ ਇਸ ਹਲਕੇ ਵਿਚ ਹੋਰ ਫੋਕਲ ਪੁਆਇੰਟ ਸਥਾਪਿਤ ਕਰਨ ਦਾ ਕੋਈ ਵਿਚਾਰ ਹੈ; ਜੇਕਰ ਹਾਂ ਤਾਂ ਕਦੋਂ ਤੱਕ?

### ਪਿੰਡ ਬੀੜ ਪੁਆਦ, ਤਹਿਸੀਲ ਫਗਵਾੜਾ ਵਿਖੇ ਡਰਾਇਵਿੰਗ ਟੈਸਟ ਸੈਂਟਰ ਚਾਲੂ ਕਰਨਾ

57. **ਸ਼੍ਰੀ ਸੋਮ ਪ੍ਰਕਾਸ਼, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਬੀੜ ਪੁਆਦ ਤਹਿਸੀਲ ਫਗਵਾੜਾ ਵਿਖੇ ਪੰਜਾਬ ਸਰਕਾਰ ਵੱਲੋਂ ਬਣਾਇਆ ਗਿਆ ਡਰਾਈਵਿੰਗ ਟੈਸਟ ਸੈਂਟਰ ਬਣ ਕੇ ਤਿਆਰ ਹੋ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ?

### ਮੁਕੇਰੀਆਂ ਦੇ ਵਾਰਡਾਂ ਦੀਆਂ ਸੜਕਾਂ ਦੀ ਮੁਰੰਮਤ ਅਤੇ ਪੀਣ ਵਾਲੇ ਸਾਫ ਪਾਣੀ ਦਾ ਪ੍ਰਬੰਧ ਕਰਨਾ

54. **ਸ਼੍ਰੀ ਰਜਨੀਸ਼ ਕੁਮਾਰ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਮਿਊਂਸਪਲ ਕਮੇਟੀ ਮੁਕੇਰੀਆਂ ਦੇ ਵਾਰਡ ਨੰ 1 ਦੀਆਂ ਟੁੱਟੀਆਂ ਹੋਈਆ ਸੜਕਾਂ ਦੀ ਮੁਰੰਮਤ ਕਦੋਂ ਤੱਕ ਕਰ ਦਿੱਤੀ ਜਾਵੇਗੀ;

ਅ) ਉਪਰੋਕਤ ਕਮੇਟੀ ਦੇ ਵਾਰਡਾਂ ਵਿਚ ਪੀਣ ਵਾਲੇ ਸਾਫ਼ ਪਾਣੀ ਦੇ ਕੀ ਪ੍ਰਬੰਧ ਕੀਤੇ ਗਏ ਹਨ ਅਤੇ ਕਿਹੜੇ-ਕਿਹੜੇ ਵਾਰਡਾਂ ਵਿਚ ਪਾਣੀ ਦੀ ਸਮੱਸਿਆ ਆ ਰਹੀ ਹੈ ਅਤੇ ਇਸ ਨੂੰ ਦੂਰ ਕਰਨ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ?

ਪਰਤੋਂ ਜੀ...

## ਤਹਿਸੀਲਾਂ ਵਿੱਚ ਜ਼ਮੀਨ ਦੇ ਮੁਸ਼ਤਰਕਾ ਖਾਤੇ ਦੀ ਵੰਡ ਦੇ ਕੇਸ

46. **ਮਾਸਟਰ ਬਲਦੇਵ ਸਿੰਘ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਰਾਜ ਵਿੱਚ 30 ਅਪ੍ਰੈਲ, 2017 ਤੱਕ ਵੱਖ-ਵੱਖ ਤਹਿਸੀਲਾਂ ਵਿੱਚ ਜ਼ਮੀਨ ਦੇ ਮੁਸ਼ਤਰਕਾ ਖਾਤੇ ਦੀ ਵੰਡ ਦੇ ਕਿੰਨੇ ਕੇਸ (ਤਹਿਸੀਲ ਵਾਰ) ਪੈਂਡਿੰਗ ਪਏ ਹਨ ਅਤੇ ਹਰੇਕ ਕੇਸ ਦੀ ਤਾਜ਼ਾ ਸਥਿਤੀ ਕੀ ਹੈ?

## ਮਨਰੇਗਾ ਸਕੀਮ ਅਧੀਨ ਪਿੰਡਾਂ ਦੇ ਛੱਪੜਾਂ ਨੂੰ ਡੂੰਘਾ ਕਰਨਾ

86. **ਮਾਸਟਰ ਬਲਦੇਵ ਸਿੰਘ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਨਰੇਗਾ ਸਕੀਮ ਅਧੀਨ ਪਿੰਡਾਂ ਦੇ ਛੱਪੜਾਂ ਨੂੰ ਡੂੰਘਾ ਕਰਨ ਜਾਂ ਪਿੰਡਾਂ ਦਾ ਗੰਦਾ ਪਾਣੀ ਛੱਪੜ ਚੋਂ ਕੱਢ ਕੇ ਡਰੇਨ ਕੀਤਾ ਜਾ ਸਕਦਾ ਹੈ ਅਤੇ ਪਿੰਡ ਢਿਲਵਾਂ ਅਤੇ ਪਿੰਡ ਵਾੜਾ ਭਾਈਕਾ ਜ਼ਿਲ੍ਹਾ ਫਰੀਦਕੋਟ ਵਿੱਚਲੇ ਛੱਪੜਾਂ ਦੀ ਸਫਾਈ ਅਤੇ ਡੂੰਘਾ ਕਰਨ ਲਈ 1.4.2007 ਤੋਂ 31.3.2017 ਤੱਕ ਸਾਲ ਵਾਰ ਕਿੰਨੀ-ਕਿੰਨੀ ਰਕਮ, ਕਿਹੜੀ ਕਿਹੜੀ ਸਕੀਮ ਅਧੀਨ ਖਰਚ ਕੀਤੀ ਗਈ?

## ਰਾਮਪੁਰਾ ਫੂਲ ਵਿਖੇ ਵੈਟਨਰੀ ਹਸਪਤਾਲ ਬਣਾਉਣਾ

81. **ਸਰਦਾਰ ਗੁਰਪ੍ਰੀਤ ਸਿੰਘ ਕਾਂਗੜ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਰਾਮਪੁਰਾ ਫੂਲ ਵਿਖੇ ਬਣ ਰਿਹਾ ਵੈਟਨਰੀ ਹਸਪਤਾਲ ਅਤੇ ਹੋਸਟਲ ਕਿਸ ਸਕੀਮ ਅਧੀਨ ਬਣਾਇਆ ਜਾ ਰਿਹਾ ਹੈ; ਇਨ੍ਹਾਂ ਦੇ ਫੰਡਾਂ ਦਾ ਵਸੀਲਾ ਅਤੇ ਇਹ ਕੰਮ ਕਿਸ ਏਜੰਸੀ ਦੁਆਰਾ ਕਰਵਾਇਆ ਜਾ ਰਿਹਾ ਹੈ ਅਤੇ ਇਹ ਕਦੋਂ ਤੱਕ ਮੁਕੰਮਲ ਹੋ ਜਾਵੇਗਾ;

**ਅ)** ਕੀ ਮੌਜੂਦਾ ਸਮੇਂ ਵੈਟਰਨਰੀ ਹਸਪਤਾਲ ਅਤੇ ਹੋਸਟਲ ਦਾ ਕੰਮ ਤਕਰੀਬਨ ਬੰਦ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕੀ ਕਾਰਨ ਹਨ?

## ਰਾਜ ਦੇ ਸਕੂਲਾਂ ਵਿੱਚ ਮੰਨਜ਼ੂਰ ਸ਼ੁਦਾ ਆਸਾਮੀਆਂ

24. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਰਾਜ ਵਿੱਚ ਕੈਟਾਗਿਰੀ-ਵਾਇਜ਼ ਅਤੇ ਜਿਲ੍ਹਾ-ਵਾਇਜ਼ ਸਕੂਲਾਂ ਦੀ ਗਿਣਤੀ ਕਿੰਨੀ ਹੈ ਵੱਖ-ਵੱਖ ਸਕੂਲਾਂ ਵਿੱਚ ਅਧਿਆਪਕਾਂ ਦੀ ਮੰਨਜੂਰ ਸ਼ੁਦਾ ਅਸਾਮੀਆਂ ਕਿਹੜੀਆਂ ਅਤੇ ਕਿੰਨੀਆਂ ਹਨ;

**ਅ)** ਕੀ ਇਹ ਠੀਕ ਹੈ ਕਿ ਮਿਤੀ 31-3-2017 ਤੱਕ ਸਕੂਲਾਂ ਦੇ ਮੁਲਾਜਮਾਂ ਅਤੇ ਅਧਿਆਪਕਾਂ ਨੂੰ ਤਨਖਾਹ ਦੇਣੀ ਬਕਾਇਆ ਹੈ; ਜੇਕਰ ਉਤਰ ਹਾਂ ਵਿੱਚ ਹੋਵੇ ਤਾਂ ਬਕਾਇਆ ਤਨਖਾਹ ਦੀ ਅਦਾਇਗੀ ਕਦੋਂ ਤੱਕ ਕਰ ਦਿੱਤੀ ਜਾਵੇਗੀ;

**ੲ)** ਕੀ ਇਹ ਠੀਕ ਹੈ ਕਿ ਰਾਜ ਸਰਕਾਰ 20 ਵਿਦਿਆਰਥੀਆਂ ਤੋਂ ਘੱਟ ਗਿਣਤੀ ਵਾਲੇ ਸਕੂਲਾਂ ਨੂੰ ਬੰਦ ਕਰਨ ਦਾ ਵਿਚਾਰ ਕਰ ਰਹੀ ਹੈ; ਜੇਕਰ ਹਾਂ ਤਾਂ ਇਨ੍ਹਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਲਈ ਸਰਕਾਰ ਵੱਲੋਂ ਪਿਛਲੇ ਸਾਲਾਂ ਵਿੱਚ ਕੀ ਕੀ ਉਪਰਾਲੇ ਕੀਤੇ ਗਏ ਹਨ;

**ਸ)** ਕੀ ਇਹ ਸਹੀ ਹੈ ਕਿ ਚਾਲੂ ਸ਼ੈਸ਼ਨ ਦੌਰਾਨ ਐਸ.ਸੀ. ਵਿਦਿਆਰਥੀਆਂ ਨੂੰ ਕੰਮਪਿਊਟਰ ਵਿਸ਼ੇ ਦੀਆਂ ਕਿਤਾਬਾਂ ਨਹੀਂ ਦਿੱਤੀਆਂ ਗਈਆਂ; ਜੇਕਰ ਅਜਿਹਾ ਹੈ ਤਾਂ ਇਸ ਦੇ ਕੀ ਕਾਰਨ ਹਨ ਅਤੇ ਬੱਚਿਆਂ ਦੀ ਪੜ੍ਹਾਈ ਦੇ ਹੋਏ ਨੁਕਸਾਨ ਦੀ ਪੂਰਤੀ ਕਿਸ ਤਰ੍ਹਾਂ ਕੀਤੀ ਜਾਵੇਗੀ?

## ਪੰਜਾਬ ਦੇ ਕੁਝ ਪਿੰਡਾਂ ਵਿੱਚ ਬਿਜਲੀ ਦੇ ਬਿੱਲ ਮੁਆਫ ਕਰਨਾ

87. **ਮਾਸਟਰ ਬਲਦੇਵ ਸਿੰਘ, ਐਮ.ਐਲ.ਏ.**:- ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪੰਜਾਬ ਸਰਕਾਰ ਵਲੋਂ ਪੰਜਾਬ ਵਿਧਾਨ ਸਭਾ ਚੋਣਾਂ 2012 ਨੂੰ ਧਿਆਨ ਵਿਚ ਰੱਖਦਿਆਂ ਸਾਲ 2011 ਵਿਚ ਪੰਜਾਬ ਦੇ ਕੁਝ ਚੋਣਵੇਂ ਵਿਧਾਨ ਸਭਾ ਹਲਕਿਆਂ ਦੇ ਕੁਝ ਪਿੰਡਾਂ ਵਿੱਚ ਦੋ ਮਹੀਨਿਆਂ ਦੇ ਬਿਜਲੀ ਦੇ ਬਿੱਲਾਂ ਦੇ 11 ਕਰੋੜ 17 ਲੱਖ ਰੁਪਏ ਦੋਂ ਕਿਸ਼ਤਾਂ ਵਿਚ ਮੁਆਫ ਕੀਤੇ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਇਹ ਵਿੱਤੀ ਲਾਭ ਕਿਹੜੇ-ਕਿਹੜੇ ਹਲਕੇ ਦੇ ਕਿਹੜੇ-ਕਿਹੜੇ ਪਿੰਡਾਂ ਵਿੱਚ ਕਿੰਨਾ-ਕਿੰਨਾ ਦਿੱਤਾ ਗਿਆ ਅਤੇ ਲਾਭ ਪ੍ਰਾਪਤ ਕਰਨ ਵਾਲਿਆਂ ਵਿਚ ਕਿੰਨੇ ਵਿਅਕਤੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੇ ਸਨ ਅਤੇ ਇਨ੍ਹਾ ਨੂੰ ਕਿੰਨੀ ਰਕਮ ਦਿੱਤੀ ਗਈ ਹੈ;

ਅ) ਉਪਰੋਕਤ ਭਾਗ (ੳ) ਵਿੱਚ ਦਰਜ ਰਾਸ਼ੀ ਮੁਆਫ ਕਰਨ ਲਈ ਕਿਸ ਪੱਧਰ ਦੇ ਅਧਿਕਾਰੀ ਵਲੋਂ ਲਿਖਤੀ ਹੁਕਮ ਜਾਰੀ ਕੀਤਾ ਗਿਆ ਸੀ, ਅਤੇ ਜਿੰਨ੍ਹਾਂ ਪਿੰਡਾਂ ਵਿਚ ਇਹ ਮੁਆਫੀ ਦੀ ਰਕਮ ਜਾਰੀ ਕੀਤੀ ਗਈ ਹੈ ਉਨ੍ਹਾਂ ਦੀ ਚੋਣ ਦਾ ਕੀ ਅਧਾਰ ਸੀ ਅਤੇ ਪੰਜਾਬ ਦੇ ਸਾਰੇ ਪਿੰਡਾਂ ਵਿਚ ਇਹ ਬਿਜਲੀ ਦੇ ਬਿੱਲ ਮੁਆਫ ਕਿਉਂ ਨਹੀ ਕੀਤੇ ਗਏ?

## ਸ਼ਰਾਬ ਪੀਕੇ ਗੱਡੀ ਚਲਾਉਣਾ

69. **ਸ਼੍ਰੀ ਗੁਰਮੀਤ ਸਿੰਘ ਮੀਤ ਹੇਰ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ 30 mg per 100 ML Blood ਤੋਂ ਵੱਧ ਸ਼ਰਾਬ ਪੀਕੇ ਗੱਡੀ ਚਲਾਉਣ ਵਾਲਿਆਂ ਦਾ ਚਲਾਨ ਕੀਤਾ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਮਾਤਰਾ ਤੋਂ ਵੱਧ ਸ਼ਰਾਬ ਪੀ ਕੇ ਡਰਾਈਵਿੰਗ ਕਰਦੇ ਸਮੇਂ ਐਕਸੀਡੈਂਟ ਕਰਨ ਵਾਲੇ ਨੂੰ ਨਸ਼ੇ ਵਿੱਚ ਐਕਸੀਡੈਂਟ ਕਰਨ ਦਾ ਦੋਸ਼ੀ ਮੰਨਿਆ ਜਾਂਦਾ ਹੈ?

## ਸਿਵਲ ਹਸਪਤਾਲ ਭਗਤਾ ਭਾਈਕਾ ਵਿਖੇ ਡਾਕਟਰਾਂ ਦੀ ਨਿਯੁਕਤੀ

83. **ਸਰਦਾਰ ਗੁਰਪ੍ਰੀਤ ਸਿੰਘ ਕਾਂਗੜ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਰਾਮਪੁਰਾ ਫੂਲ ਹਲਕੇ ਵਿੱਚ ਸਥਿਤ ਸਿਵਲ ਹਸਤਪਾਲ ਭਗਤਾ ਭਾਈਕਾ ਵਿਖੇ ਐਸ.ਐਮ.ਓ ਦੀ ਪੱਕੀ ਆਸਾਮੀ ਕਰਨ, ਮੈਡੀਸਨ ਡਾਕਟਰ, ਇੱਕ ਸਰਜਨ ਹੱਡੀਆ ਦੇ ਮਾਹਿਰ ਅਤੇ ਗਾਇਨੀ ਡਾਕਟਰੀ ਦੀ ਨਿਯੁਕਤੀ ਦੀ ਕੋਈ ਤਜਵੀਜ਼ ਹੈ;

**ਅ)** ਕੀ ਸਿਵਲ ਹਸਪਤਾਲ ਭਗਤਾ ਭਾਈਕਾ ਤੋਂ ਡੈਪੂਟੇਸ਼ਨ ਤੇ ਭੇਜੇ ਗਏ ਡਾਕਟਰਾਂ, ਚੀਫ ਫਰਮਾਸਿਸਟ ਅਤੇ ਫਰਮਾਸਿਸਟ ਨੂੰ ਵਾਪਿਸ ਬੁਲਾਉਣ ਦੀ ਵੀ ਕੋਈ ਤਜਵੀਜ਼ ਹੈ;

**ੲ)** ਸਟਾਫ ਨਰਸ ਦੀਆਂ 4 ਆਸਾਮੀਆਂ ਅਤੇ 1 ਰੈਗੂਲਰ ਆਸਾਮੀ ਭਰਨ ਦੀ ਕੋਈ ਤਜਵੀਜ਼ ਹੈ;

**ਸ)** ਅਲਟਰਾ ਸਾਊਂਡ/ਸਕੈਨ, ਡੈਂਟਲ ਐਕਸਰੇ ਮਸ਼ੀਨਾ ਲਾਉਣ ਦੀ ਕੋਈ ਤਜਵੀਜ਼ ਹੈ;

**ਹ)** ਐਸ.ਐਮ.ਓ ਅਤੇ ਡਾਕਟਰਾਂ, ਦਰਜਾ 3 ਅਤੇ ਦਰਜਾ ਚਾਰ ਕਰਮਚਾਰੀਆਂ ਲਈ ਰਿਹਾਇਸ਼ੀ ਕੁਆਟਰ ਬਣਾਉਣ ਦੀ ਵੀ ਸਰਕਾਰ ਦੀ ਕੋਈ ਤਜਵੀਜ਼ ਹੈ?

**ਚੰਡੀਗੜ੍ਹ**
ਮਿਤੀ 18 ਜੂਨ, 2017

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।